**ਪੰਜਾਬੀ ਯੂਨੀਵਰਸਿਟੀ, ਪਟਿਆਲਾ**
(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)
ਕੰਟਰੋਲਰ (ਪ੍ਰੀਖਿਆਵਾਂ) ਦਫ਼ਤਰ

ਨੰ......429....../ਸੀ.ਓ.ਈ.
ਮਿਤੀ......25/01/2022

ਜ਼ਰੂਰੀ ਸੂਚਨਾ

ਕੰਟਰੋਲਰ ਦਫ਼ਤਰ ਵੱਲੋਂ ਜਾਰੀ ਕੀਤੇ ਗਏ ਪੱਤਰ ਨੰ. 258/ਸੀ.ਓ.ਈ. ਮਿਤੀ 14.01.2022 ਦੀ ਲਗਾਤਾਰਤਾ ਦੇ ਸਬੰਧ ਵਿੱਚ ਹੈ।

## ਡਿਸਟੈਂਸ ਐਜੂਕੇਸ਼ਨ ਦੇ ਕੇਵਲ ਰੀ-ਅਪੀਅਰ ਵਿਦਿਆਰਥੀਆਂ ਲਈ

1. ਪੇਪਰ ਹੱਲ ਕਰਨ ਤੋਂ ਬਾਅਦ **(ਡਿਸਟੈਂਸ ਐਜੂਕੇਸ਼ਨ ਦੇ ਕੇਵਲ ਰੀ-ਅਪੀਅਰ ਵਿਦਿਆਰਥੀ)** ਉਮੀਦਵਾਰ ਉਸੇ ਦਿਨ ਹੀ ਆਪਣੀ ਉੱਤਰ-ਕਾਪੀ ਸਪੀਡ ਪੋਸਟ ਜਾਂ ਰਜਿਸਟਰਡ ਡਾਕ ਰਾਹੀਂ **ਸਹਾਇਕ ਰਜਿਸਟਰਾਰ, ਸੀਕਰੇਸੀ ਬ੍ਰਾਂਚ, ਪ੍ਰੀਖਿਆ ਸ਼ਾਖਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 147002** ਨੂੰ ਭੇਜਣਗੇ। ਜੇਕਰ ਪ੍ਰੀਖਿਆ ਸ਼ਾਮ ਦੇ ਸੈਸ਼ਨ ਵਿੱਚ ਹੋ ਰਹੀ ਹੈ ਜਾਂ ਪ੍ਰੀਖਿਆ ਵਾਲੇ ਦਿਨ ਡਾਕ ਘਰ ਬੰਦ ਹੈ ਤਾਂ ਵਿਦਿਆਰਥੀ ਆਪਣੀ ਉੱਤਰ-ਕਾਪੀ ਅਗਲੇ ਇੱਕ ਕਾਰਜਕਾਰੀ ਦਿਨ ਵਿੱਚ ਪਤੇ ਤੇ ਭੇਜ ਸਕਦਾ ਹੈ। ਵਿਦਿਆਰਥੀ ਆਪਣੀ ਉੱਤਰ-ਕਾਪੀ ਸੀਕਰੇਸੀ ਬ੍ਰਾਂਚ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਦਸਤੀ ਵੀ ਉਕਤ ਸਮੇਂ ਅਨੁਸਾਰ ਜਮ੍ਹਾਂ ਕਰਵਾ ਸਕਦਾ ਹੈ। ਇਸ ਤੋਂ ਇਲਾਵਾ ਹੋਰ ਕਿਸੇ ਢੰਗ ਨਾਲ ਜਾਂ ਉਕਤ ਸਮੇਂ ਤੋਂ ਬਾਅਦ ਭੇਜੀ ਗਈ ਉੱਤਰ-ਕਾਪੀ ਦਾ ਮੁਲਾਂਕਣ ਨਹੀਂ ਕਰਵਾਇਆ ਜਾਵੇਗਾ।

2. **ਉਪਰੋਕਤ ਵਿਦਿਆਰਥੀ** ਆਪਣੇ ਪ੍ਰਸ਼ਨ-ਪੱਤਰ ਡੇਟ-ਸ਼ੀਟ ਅਨੁਸਾਰ http://papers.pupexamination.ac.in ਲਿੰਕ ਨੂੰ ਕਲਿੱਕ ਕਰਕੇ ਪ੍ਰਸ਼ਨ-ਪੱਤਰ ਡਾਊਨਲੋਡ ਕਰਨਗੇ। ਵਿਦਿਆਰਥੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਪੇਪਰ ਡਾਊਨਲੋਡ ਕਰਨ ਸਮੇਂ ਪੇਪਰ ਕੋਡ ਜੋ ਕਿ ਡੇਟ-ਸ਼ੀਟ ਉੱਪਰ ਦਰਸਾਈਆਂ ਗਿਆ ਹੈ ਅਨੁਸਾਰ ਪੇਪਰ ਡਾਊਨਲੋਡ ਕਰਨ। **ਡੇਟ-ਸ਼ੀਟਾਂ ਵਿੱਚ ਇੱਕੋ ਨਾਮ ਵਾਲੇ ਪੇਪਰ ਹੋ ਸਕਦੇ ਹਨ ਪਰ ਉਨਾਂ ਦਾ ਕੋਡ ਵੱਖ-ਵੱਖ ਹੋਵੇਗਾ।**

25/1/22

**ਕੰਟਰੋਲਰ (ਪ੍ਰੀਖਿਆਵਾਂ)**

Scanned with CamScan